# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਕੈਨੇਡਾ ਵੱਲੋਂ ਡਾ. ਪੂਰਨ ਸਿੰਘ ਗਿੱਲ ਅਤੇ ਗੁਣਤਾਸ ਕੌਰ ਦੀਆਂ ਪੁਸਤਕਾਂ ਲੋਕ ਅਰਪਿਤ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਸਰੀ, 30 ਜੁਲਾਈ : ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਕੈਨੇਡਾ ਵੱਲੋਂ ਗੁਰੂ ਨਾਨਕ ਇੰਡੋ ਕੈਨੇਡੀਅਨ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਸਿੱਖ ਵਿਦਵਾਨ ਡਾ. ਪੂਰਨ ਸਿੰਘ ਗਿੱਲ ਦੀਆਂ ਚਾਰ ਪੁਸਤਕਾਂ ਅਤੇ ਅਮਰੀਕਾ ਵਸਦੀ ਗੁਣਤਾਸ ਕੌਰ ਵੱਲੋਂ ਤਿਆਰ ਕੀਤੀ ਬੱਚਿਆਂ ਲਈ ਪੈਂਤੀ ਅੱਖਰੀ ਐਕਟੀਵਿਟੀ ਪੁਸਤਕ ਲੋਕ ਅਰਪਿਤ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਪੂਰਨ ਸਿੰਘ ਅਤੇ ਗੁਣਤਾਸ ਕੌਰ ਨੇ ਕੀਤੀ। ਮੰਚ ਸੰਚਾਲਕ ਗੁਰਪ੍ਰੀਤ ਸਿੰਘ ਤਲਵੰਡੀ ਨੇ ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਕੈਨੇਡਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਭਾ 2018 ਤੋਂ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ, ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਨੌਜਵਾਨ ਪੀੜ੍ਹੀ ਨਾਲ ਜੋੜਨ ਲਈ ਲਗਾਤਾਰ ਕਾਰਜਸ਼ੀਲ ਹੈ।



ਡਾ. ਪੂਰਨ ਸਿੰਘ ਗਿੱਲ ਨੇ ਆਪਣੀਆਂ ਪੁਸਤਕਾਂ ਦੀ ਰਚਨਾ-ਪਿਛੋਕੜ ਅਤੇ ਉਨ੍ਹਾਂ ਵਿੱਚ ਦਰਜ ਕੈਨੇਡਾ ਦੇ ਸਿੱਖ ਇਤਿਹਾਸ ਨਾਲ ਸਬੰਧਤ ਮਹੱਤਵਪੂਰਨ ਤੱਥਾਂ ਬਾਰੇ ਚਰਚਾ ਕੀਤੀ। ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ. ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਡਾ. ਗਿੱਲ ਦੀਆਂ ਰਚਨਾਵਾਂ ਨੂੰ ਇਤਿਹਾਸਕ ਸੱਚਾਈ ਦੀ ਨਿਡਰ ਪੇਸ਼ਕਾਰੀ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਅਤੇ ਸਾਹਿਤ ਨੌਜਵਾਨ ਪੀੜ੍ਹੀ ਲਈ ਪ੍ਰੇਰਨਾਸਰੋਤ ਹੈ। ਉਨ੍ਹਾਂ ਗੁਣਤਾਸ ਕੌਰ ਵੱਲੋਂ ਬੱਚਿਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਰੁਚੀ ਪੈਦਾ ਕਰਨ ਲਈ ਕੀਤੇ ਉਪਰਾਲੇ ਦੀ ਵੀ ਸ਼ਲਾਘਾ ਕੀਤੀ। ਪਾਕਿਸਤਾਨ ਦੇ ਸਾਬਕਾ ਸੰਸਦ ਮੈਂਬਰ ਰਾਏ ਅਜ਼ੀਜ਼ਉੱਲਾ ਖ਼ਾਨ ਨੇ ਆਪਣੇ ਸੰਬੋਧਨ ਵਿੱਚ ਦੋਵੇਂ ਪੰਜਾਬਾਂ ਦੇ ਲੇਖਕਾਂ ਅਤੇ ਪੱਤਰਕਾਰਾਂ ਨੂੰ ਆਪਸੀ ਸਾਂਝ ਮਜ਼ਬੂਤ ਕਰਨ ਅਤੇ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਪ੍ਰਚਾਰਿਤ ਕਰਨ ਦਾ ਸੱਦਾ ਦਿੱਤਾ।

ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਕਮਾਲਪੁਰਾ ਦੀ ਡਾ. ਕਮਲਜੀਤ ਕੌਰ ਨੇ ਡਾ. ਗਿੱਲ ਦੀਆਂ ਪੁਸਤਕਾਂ ਬਾਰੇ ਖੋਜ-ਪੱਤਰ ਪੇਸ਼ ਕੀਤਾ, ਜਦਕਿ ਮਨੁੱਖੀ ਅਧਿਕਾਰ ਕਾਰਕੁਨ ਭੁਪਿੰਦਰ ਸਿੰਘ ਮੱਲ੍ਹੀ ਨੇ ਉਨ੍ਹਾਂ ਦੀ ਪੁਸਤਕ 'ਕਿਵ ਸਚਿਆਰਾ ਹੋਈਐ' ਦੇ ਵਿਚਾਰਧਾਰਕ ਪੱਖਾਂ ਉੱਤੇ ਚਾਨਣਾ ਪਾਇਆ। ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਦੇ ਵਿਦਿਆਰਥੀ ਗੁਰਨੂਰ ਸਿੰਘ ਨੇ ਡਾ. ਗਿੱਲ ਦੀਆਂ ਅੰਗਰੇਜ਼ੀ ਪੁਸਤਕਾਂ ਦੀ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਵੀ ਮੋਹਣ ਸਿੰਘ ਗਿੱਲ ਅਤੇ ਇੰਡੋ ਕੈਨੇਡੀਅਨ ਸੀਨੀਅਰ ਸਿਟੀਜ਼ਨ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਵੀ ਸੰਬੋਧਨ ਕੀਤਾ।

ਸਮਾਗਮ ਦੌਰਾਨ ਡਾ. ਪੂਰਨ ਸਿੰਘ ਗਿੱਲ ਦੀਆਂ ਦੋ ਪੰਜਾਬੀ ਅਤੇ ਦੋ ਅੰਗਰੇਜ਼ੀ ਪੁਸਤਕਾਂ ਦੇ ਨਾਲ ਗੁਣਤਾਸ ਕੌਰ ਦੀ ਪੈਂਤੀ ਅੱਖਰੀ ਐਕਟੀਵਿਟੀ ਪੁਸਤਕ ਦਾ ਲੋਕ ਅਰਪਣ ਕੀਤਾ ਗਿਆ। ਅੰਤ ਵਿੱਚ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਦੇ ਡਾ. ਕੁਲਵੰਤ ਸਿੰਘ ਥਿੰਦ ਨੇ ਹਾਜ਼ਰ ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਭਾ ਭਵਿੱਖ ਵਿੱਚ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਲਈ ਅਜਿਹੇ ਸਮਾਗਮ ਕਰਵਾਉਂਦੀ ਰਹੇਗੀ।

ਸਮਾਗਮ ਵਿੱਚ ਡਾ. ਸੁਸ਼ੀਲ ਕੌਰ, ਡਾ. ਹਰਜਿੰਦਰ ਸਿੰਘ ਬਰਾੜ, ਸਾਹਿਬ ਸਿੰਘ ਗਿੱਲ, ਸ਼ਬਨਮ ਮੱਲ੍ਹੀ, ਬਨਜੋਤ ਸਿੰਘ ਸੰਘੇੜਾ, ਪਰਮਿੰਦਰ ਕੌਰ ਸਵੈਚ, ਪਰਮਜੀਤ ਸਿੰਘ ਬੁੱਟਰ, ਕੇਸਰ ਸਿੰਘ ਕੂੰਨਰ, ਬਲਵੀਰ ਸਿੰਘ ਸੰਘਾ, ਅਮਰਦੀਪ ਸਿੰਘ ਗਿੱਲ, ਹਰਜੀਤ ਕੌਰ ਗਿੱਲ, ਦਮਨਦੀਪ ਕੌਰ, ਹਰਦਮ ਮਾਨ, ਅਮਰਪਾਲ ਸਿੰਘ, ਹਰਕੀਰਤ ਸਿੰਘ ਕੁਲਾਰ ਅਤੇ ਕਰਤਾਰ ਸਿੰਘ ਗਿੱਲ ਸਮੇਤ ਵੱਡੀ ਗਿਣਤੀ ਵਿੱਚ ਸਾਹਿਤਕਾਰ, ਪੱਤਰਕਾਰ ਅਤੇ ਸਮਾਜਿਕ ਸ਼ਖ਼ਸੀਅਤਾਂ ਹਾਜਰ ਸਨ।

## ਕਾਠਮਾਠੀ, ਕੌਲੀ ਬਲਾਕ, ਪਟਿਆਲਾ 'ਚ ਮੋਤੀਆ ਬਿੰਦ ਜਾਂਚ ਕੈਂਪ ਲਗਾਏ ਗਏ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 30 ਜੁਲਾਈ : ਸਿਵਲ ਸਰਜਨ ਦਫ਼ਤਰ, ਪਟਿਆਲਾ ਵੱਲੋਂ ਨੈਸ਼ਨਲ ਬਲਾਈਂਡਨੈੱਸ ਕੰਟਰੋਲ ਪ੍ਰੋਗਰਾਮ ਤਹਿਤ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਹ ਮੁਹਿੰਮ ਜ਼ਿਲ੍ਹਾ ਪ੍ਰੋਗਰਾਮ ਅਫਸਰ ਡਾ. ਇੰਦਰਪ੍ਰੀਤ ਰੰਧਾਵਾ, ਐਸ ਐਮ ਓ ਗੁਰਪ੍ਰੀਤ ਸਿੰਘ ਨਾਗਰਾ, ਆਈ ਸਰਜਨ ਡਾ. ਕਤਯਾਨੀ ਅਤੇ ਅਪਥਾਲਮਿਕ ਅਫਸਰ ਸੁਸ਼ਮਾ ਦੀ ਅਗਵਾਈ ਹੇਠ ਚਲਾਈ ਗਈ।

ਨੈਸ਼ਨਲ ਬਲਾਈਂਡਨੈੱਸ ਕੰਟਰੋਲ ਪ੍ਰੋਗਰਾਮ ਅਧੀਨ ਮੋਤੀਆ ਬਿੰਦ ਜਾਂਚ ਕੈਂਪ ਲਗਾਏ ਅਤੇ ਬਜੁਰਗਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ। ਇਹ ਕੈਂਪ ਪਿੰਡ ਕਾਠਮਾਠੀ, ਕੌਲੀ ਬਲਾਕ ਵਿੱਚ ਲਗਾਇਆ ਗਿਆ। ਮਰੀਜ਼ਾਂ ਨੂੰ ਉਚਿਤ ਸਲਾਹ ਅਤੇ ਅਗਲੇ ਇਲਾਜ ਲਈ ਰੈਫਰਲ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਗਈਆਂ।

ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅੱਖਾਂ ਦੀ ਸਿਹਤ ਲਈ ਸਮੇਂ-ਸਮੇਂ 'ਤੇ ਜਾਂਚ ਕਰਵਾਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਲਾਏ ਜਾ ਰਹੇ ਇਹ ਪ੍ਰੋਗਰਾਮ ਲੋਕਾਂ ਦੀ ਸਿਹਤ ਸੁਧਾਰਨ ਲਈ ਬਹੁਤ ਮਹੱਤਵਪੂਰਨ ਹਨ।

ਐਸ ਐਮ ਓ ਗੁਰਪ੍ਰੀਤ ਸਿੰਘ ਨਾਗਰਾ ਨੇ ਦੱਸਿਆ ਕਿ ਅਜਿਹੇ ਕੈਂਪ ਆਉਣ ਵਾਲੇ ਦਿਨਾਂ ਵਿੱਚ ਵੀ ਲਗਾਤਾਰ ਜਾਰੀ ਰਹਿਣਗੀਆਂ ਤਾਂ ਜੋ ਅੱਖਾਂ ਦੀ ਬਿਮਾਰੀਆਂ ਤੋਂ ਬਚਾਅ ਨੂੰ ਯਕੀਨੀ ਬਣਾਇਆ ਜਾ ਸਕੇ।

## ਕੁਰਾਸ਼ 'ਚ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾ ਜੇਤੂ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 30 ਜੁਲਾਈ : ਕੁਰਾਸ਼ ਚੈਂਪੀਅਨਸ਼ਿਪ ਫਰੀਦਕੋਟ ਜ਼ਿਲ੍ਹੇ ਵਿੱਚ ਸਰਕਾਰੀ ਸਕੂਲ ਆਫਐਮੀਨੈਂਸ (ਮੁੰਡਿਆਂ ਵਾਲੇ) ਸਕੂਲ ਵਿਖੇ ਕਰਵਾਈ ਗਈ। ਕੁਰਾਸ਼ ਚੈਂਪੀਅਨਸ਼ਿਪ ਕੁਰਾਸ਼ ਐਸੋਸ਼ੀਏਸ਼ਨ ਦੇ ਪ੍ਰਧਾਨ ਹਰਵਿੰਦਰ ਸਿੰਘ, ਜਨਰਲ ਸੈਕਟਰੀ ਰਾਜ ਕੁਮਾਰ, ਖਜਾਨਚੀ ਗੁਰਜੀਤ ਸਿੰਘ ਅਤੇ ਹੋਰ ਮੈਂਬਰ ਮਨੋਜਭਨਿਆਰ, ਮਨਪ੍ਰੀਤ ਸਿੰਘ ਅਤੇ ਸੁਖਜਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ। ਇਸ ਚੈਂਪੀਅਨਸ਼ਿਪ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ। ਫਰੀਦਕੋਟ ਜ਼ਿਲ੍ਹੇ ਦੇ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਅੰਡਰ 14,17 ਅਤੇ 19 ਦੀਆਂ ਵਿਦਿਆਰਥਣਾਂ ਨੇ ਕੁਰਾਸ਼ ਚੈਂਪੀਅਨਸ਼ਿਪ ਵਿੱਚ ਭਾਗ ਲਿਆ ਅਤੇ ਸ਼ਾਨਦਾਰ ਪੁਜੀਸ਼ਨਾਂ ਹਾਸਲ ਕਰਕੇ ਮੈਡਲ ਪ੍ਰਾਪਤ ਕੀਤੇ। ਸਕੂਲ ਦੇ ਚੇਅਰਮੈਨ ਸ੍ਰੀ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਅੰਡਰ-14 ਵਿੱਚੋਂ ਭਾਵਿਕਾ ਸਪੁੱਤਰੀ ਰਾਜ ਕੁਮਾਰ (40 ਕਿਲੋ), ਰੋਸ਼ਨਪ੍ਰੀਤ ਕੌਰ ਸਪੁੱਤਰੀ ਤਰਸੇਮ ਸਿੰਘ (36 ਕਿਲੋ), ਸੁਖਮਨ ਕੌਰ ਸਪੁੱਤਰੀ ਸੁਖਦੇਵ ਸਿੰਘ (44 ਕਿਲੋ) ਨੇ ਪਹਿਲਾ ਸਥਾਨ, ਰਾਜਦੀਪ ਕੌਰ ਸਪੁੱਤਰੀ ਗੁਰਸਾਹਿਬ ਸਿੰਘ (36 ਕਿਲੋ), ਲਵਲੀਨ ਕੌਰ ਸਪੁੱਤਰੀ ਰਮਨਦੀਪ ਸਿੰਘ (32 ਕਿਲੋ), ਤਮੰਨਾ ਸਪੁੱਤਰੀ ਵਿਨੈ ਕੁਮਾਰ (44 ਕਿਲੋ), ਅਰਪਨਪ੍ਰੀਤ ਕੌਰ ਸਪੁੱਤਰੀ ਗੁਰਵਿੰਦਰ ਸਿੰਘ (44 ਕਿਲੋ) ਨੇ ਦੂਜਾ ਸਥਾਨ ਅਤੇ ਮਨਸੁਖ ਕੌਰ ਸਪੁੱਤਰੀ ਰਾਜਾ ਸਿੰਘ (32 ਕਿਲੋ) ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-17 ਵਿੱਚੋਂ ਅਰੂਸ਼ੀ ਸਪੁੱਤਰੀ ਹਰਜੀਤ ਸਿੰਘ (44 ਕਿਲੋ), ਤਮੰਨਾ ਸਪੁੱਤਰੀ ਅੰਗਰੇਜ਼ ਸਿੰਘ ਨੇ ਪਹਿਲਾ ਸਥਾਨ, ਚੰਨਪ੍ਰੀਤ ਕੌਰ ਸਪੁੱਤਰੀ ਮਨਦੀਪ ਸਿੰਘ (90 ਕਿਲੋ) ਨੇ ਦੂਜਾ ਸਥਾਨ ਅਤੇ ਜਸਲੀਨ ਕੌਰ ਸਪੁੱਤਰੀ ਨਿਰਮਲ ਸਿੰਘ (48 ਕਿਲੋ) ਨੇ ਤੀਸਰਾ ਹਾਸਲ ਕੀਤਾ। ਅੰਡਰ-19 ਵਿੱਚੋਂ ਵਰਲੀਨ ਕੌਰ ਸਪੁੱਤਰੀ ਲਖਵਿੰਦਰ ਸਿੰਘ (57 ਕਿਲੋ), ਰਵਨੀਸ਼ ਕੌਰ ਸਪੁੱਤਰੀ ਦਵਿੰਦਰ ਸਿੰਘ (44 ਕਿਲੋ), ਕਮਲਪ੍ਰੀਤ ਸਪੁੱਤਰੀ ਰੇਸ਼ਮ ਸਿੰਘ (52 ਕਿਲੋ) ਅਤੇ ਖੁਸ਼ਪ੍ਰੀਤ ਕੌਰ ਸਪੁੱਤਰੀ ਹਰਜਿੰਦਰ ਸਿੰਘ (70 ਕਿਲੋ) ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਉਨ੍ਹਾਂ ਨੇ ਸਕੂਲ ਦੇ ਪ੍ਰਿੰਸੀਪਲ, ਸਟਾਫ, ਕੋਚ ਸਾਹਿਬਾਨ ਅਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਇਸ ਸ਼ਾਨਦਾਰ ਜਿੱਤ ਲਈ ਵਿਦਿਆਰਥਣਾ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥਣਾ ਅਤੇ ਕੋਚ ਸਾਹਿਬਾਨਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਨਵਪ੍ਰੀਤ ਸ਼ਰਮਾ, ਮੈਡਮ ਰਾਜਵਿੰਦਰ ਕੌਰ, ਕੋਚ ਹਰਵਿੰਦਰ ਸਿੰਘ, ਕੋਚ ਕੰਵਲਪ੍ਰੀਤ ਕੌਰ ਆਦਿ ਵੀ ਹਾਜ਼ਰ ਸਨ।

## ਪੀਏਯੂ ਦੇ ਵਾਈਸ ਚਾਂਸਲਰ ਨੇ ਕਿਸਾਨਾਂ ਨੂੰ ਵਾਤਾਵਰਨ ਪੱਖੀ ਖੇਤੀ, ਅਤੇ ਖੇਤੀ ਕਾਰੋਬਾਰ ਅਪਣਾਉਣ ਦਾ ਸੱਦਾ ਦਿੱਤਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 30 ਜੁਲਾਈ : ਪੀ ਏ ਯੂ ਦੇ ਡਾਇਰੈਕਟੋਰੇਟ ਪਸਾਰ ਸਿੱਖਿਆ ਦੁਆਰਾ ਆਯੋਜਿਤ ਪੀ ਏ ਯੂ ਕਿਸਾਨ ਕਮੇਟੀ ਅਤੇ ਪੀਏਯੂ ਫਲ ਅਤੇ ਸਬਜ਼ੀਆਂ ਉਤਪਾਦਕਾਂ ਦੀ ਕਮੇਟੀ ਦੀ ਮੀਟਿੰਗ ਵਿੱਚ 100 ਦੇ ਕਰੀਬ ਕਿਸਾਨਾਂ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਦੌਰਾਨ ਖੇਤੀਬਾੜੀ ਅਤੇ ਸਹਾਇਕ ਕਿੱਤਿਆਂ ਸੰਬੰਧੀ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਪੀ ਏ ਯੂ ਨੇ ਪੰਜਾਬ ਭਰ ਦੇ ਕਿਸਾਨਾਂ ਨੂੰ ਸਾਂਝੀ ਛੱਤ ਹੇਠ ਮਾਹਿਰਾਂ ਨਾਲ ਆਹਮੋ-ਸਾਹਮਣੇ ਵਿਚਾਰ-ਵਟਾਂਦਰਾ ਕਰਨ ਅਤੇ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕੀਤਾ।

ਪੀ ਏ ਯੂ ਦੇ ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਆਪਣੇ ਸੰਬੋਧਨ ਵਿੱਚ ਨਰਮੇ ਹੇਠਲਾ ਰਕਬਾ ਘਟਣ ਦੇ ਕਾਰਨਾਂ ਦੇ ਵਿਸ਼ਲੇਸ਼ਣ ਲਈ ਸਭ ਧਿਰਾਂ ਮਿਲ ਬੈਠਣ ਵਾਸਤੇ ਕਿਹਾ। ਉਨ੍ਹਾਂ ਕਿਹਾ ਕਿ ਖੇਤੀ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਸਹਾਇਕ ਕਿੱਤਿਆਂ ਵੱਲ ਪਰਤਣ ਦੀ ਲੋੜ ਹੈ। ਡਾ ਗੋਸਲ ਨੇ ਬੀਜ ਉਤਪਾਦਨ (ਕਣਕ, ਝੋਨਾ, ਆਲੂ, ਆਦਿ) ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੀਆਂ ਪਹਿਲਕਦਮੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਸਿੱਧੇ ਬੀਜੇ ਗਏ ਝੋਨੇ, ਨਰਮਾ, ਗੰਨਾ, ਫਲ, ਅਤੇ ਸਬਜ਼ੀਆਂ ਦੀ ਕਾਸ਼ਤ ਤੋਂ ਇਲਾਵਾ ਜੈਵਿਕ ਖੇਤੀ,ਖੇਤੀਬਾੜੀ ਕਾਰੋਬਾਰ ਅਤੇ ਉੱਦਮ, ਖੇਤੀ-ਅਧਾਰਤ ਉਤਪਾਦਾਂ ਦੇ ਮੰਡੀਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਨਵੇਂ ਰਾਹਾਂ ਤੇ ਤੁਰਨ ਲਈ ਕਿਹਾ।

ਵਧੀਕ ਨਿਰਦੇਸ਼ਕ ਪਸਾਰ ਸਿੱਖਿਆ ਡਾ ਪ੍ਰਭਜੋਧ ਸਿੰਘ ਸੰਧੂ ਨੇ ਕਾਰਵਾਈ ਰਿਪੋਰਟ ਪੇਸ਼ ਕਰਦਿਆਂ ਕਿਸਮਾਂ ਦੇ ਵਿਕਾਸ ਲਈ ਕਿਸਾਨਾਂ ਦੀ ਤਰਜੀਹ ਅਤੇ ਯੂਨੀਵਰਸਿਟੀ ਦੇ ਖੋਜ ਪ੍ਰੋਗਰਾਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਚਰਚਾ ਦੌਰਾਨ ਕਿਸਾਨਾਂ ਨੇ ਘਟੀਆ ਮਿਆਰ ਵਾਲੀ ਖਾਦ , ਬਾਸਮਤੀ ਵਿੱਚ ਨੀਮਾਟੋਡ ਪ੍ਰਬੰਧਨ, ਸਿੱਧੀ ਬਿਜਾਈ ਲਈ ਢੁਕਵੀਆਂ ਝੋਨੇ ਦੀਆਂ ਕਿਸਮਾਂ, ਸਰੋਂ ਦੀ ਕਾਸ਼ਤ, ਸੁਰੱਖਿਅਤ ਕਾਸ਼ਤ ਆਦਿ ਨਾਲ ਸਬੰਧਤ ਮੁੱਦਿਆਂ ਉੱਪਰ ਮਾਹਿਰਾਂ ਨਾਲ ਵਿਚਾਰ ਕੀਤੀ।

ਨਿਰਦੇਸ਼ਕ ਪਸਾਰ ਸਿੱਖਿਆ ਮੰਤਰੀ ਡਾ ਮੱਖਣ ਸਿੰਘ ਭੁੱਲਰ ਨੇ ਪਤਵੰਤਿਆਂ, ਮਾਹਿਰਾਂ ਅਤੇ ਕਿਸਾਨਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਕਿਸਾਨਾਂ ਅਤੇ ਵਿਗਿਆਨੀਆਂ ਵਿਚਕਾਰ ਇਹ ਸਦੀਵੀ ਸਬੰਧ ਯੂਨੀਵਰਸਿਟੀ ਲਈ ਹਮੇਸ਼ਾ ਜਾਰੀ ਰਹਿਣਾ ਚਾਹੀਦਾ ਹੈ ਕਿਉਂਕਿ ਯੂਨੀਵਰਸਿਟੀ ਕਿਸਾਨਾਂ ਦੀ ਸੇਵਾ ਵਿਚ ਹਮੇਸ਼ਾ ਰਹੇਗੀ।

ਡਾ. ਵੀ.ਐਸ. ਸੋਹੂ, ਵਧੀਕ ਨਿਰਦੇਸ਼ਕ ਖੋਜ ( ਖੇਤੀਬਾੜੀ), ਨੇ ਸਭ ਲਈ ਧੰਨਵਾਦ ਦੇ ਭਾਵ ਪ੍ਰਗਟਾਏ।

ਅਪਰ ਨਿਰਦੇਸ਼ਕ ਸੰਚਾਰ ਡਾ ਤੇਜਿੰਦਰ ਸਿੰਘ ਰਿਆੜ ਨੇ ਪ੍ਰੋਗਰਾਮ ਦਾ ਸੰਚਾਲਨ ਕਰਦੇ ਹੋਏ ਕਿਹਾ ਕਿ ਕਿਸਾਨਾਂ ਦੇ ਮੁੱਦਿਆਂ ਨੂੰ ਹੱਲ ਕਰਨਾ ਪੀਏਯੂ ਦੀ ਸਭ ਤੋਂ ਵੱਡੀ ਤਰਜੀਹ ਰਹੀ ਹੈ।

## ਸ਼ਹਿਰੀ ਲੋਕਾਂ ਨੂੰ ਜਿਊਂਦੇ ਜੀਅ ਨਰਕ ਦਿਖਾ ਦਿੱਤਾ ਪੰਜਾਬ ਸਰਕਾਰ ਨੇ :- ਬਲਕਾਰ ਸਹੋਤਾ

ਵਰਲਡ ਪੰਜਾਬੀ ਟਾਈਮਜ਼ — ਸ਼ਿਵਨਾਥ



ਫ਼ਰੀਦਕੋਟ 30 ਜੁਲਾਈ : ਅੱਜ ਸ਼ਹੀਦ ਕਾਮਰੇਡ ਅਮੋਲਕ ਸਿੰਘ ਭਵਨ ਫ਼ਰੀਦਕੋਟ ਵਿਖੇ ਕਾਮਰੇਡ ਵੀਰ ਸਿੰਘ ਕੰਮੇਆਣਾ ਜਿਲਾਂ ਪ੍ਰਧਾਨ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੀ ਅਗਵਾਈ ਹੇਠ ਨਰੇਗਾ ਕਾਮਿਆਂ ਦੀ ਇੱਕ ਮੀਟਿੰਗ ਸੱਦੀ ਗਈ।

ਇਸ ਸਮੇ ਨਰੇਗਾ ਦੇ ਸਲਾਹਕਾਰ ਤੇ 'ਦੀ ਫੋਰਥ ਕਲਾਸ ਯੂਨੀਅਨ ਫ਼ਰੀਦਕੋਟ ਦੇ ਜਰਨਲ ਸਕੱਤਰ ਬਲਕਾਰ ਸਿੰਘ ਸਹੋਤਾ ਜੀ ਨੇ ਕਿਹਾ ਅੱਜ ਸਾਡੇ ਦੇਸ਼ ਬੁਰਾ ਹਾਲ ਹੋਣ ਤੇ ਆਇਆ, ਪਰ ਸੱਤਾਧਾਰੀ ਲੀਡਰਸ਼ਿਪ ਦੇਸ਼ ਦੇ ਝੂਠੇ ਵਿਕਾਸ ਦੀ ਤਸਵੀਰ ਲੋਕਾਂ ਨੂੰ ਦਿਖਾਉਣ ਵਿਚ ਲੱਗੇ ਹੋਏ ਹਨ। ਸਹਿਰੀ ਲੋਕਾਂ ਨੇ ਜਿਊਂਦੇ ਜੀਅ ਨਰਕ ਦੇਖ ਰਹੇ ਨੇ ਕੂੜੇ ਦੇ ਢੇਰਾਂ ਚੋ ਮੀਹ ਪੈਣ ਨਾਲ ਬਦਬੂ ਮਾਰ ਰਹੀ ਹੈ ਤੇ ਲੋਕ ਬੀਮਾਰੀਆਂ ਦੇ ਘੇਰੇ ਵਿੱਚ ਆਉਣ ਲੱਗੇ ਨੇ।

ਸਰਕਾਰ 15 ਤੋ 20 ਸਾਲ ਤੋ ਬਹੁਤ ਹੀ ਘੱਟ ਤਨਖ਼ਾਹਾਂ ਤੇ ਜਿੰਦਗੀ ਗੁਜਾਰ ਰਹੇ ਨੇ , ਘੱਟ ਤਨਖਾਹ ਹੈ ਮਹਿੰਗਾਈ ਅਸਮਾਨ ਛੂਹ ਰਹੀ , ਹੁਣ ਮੌਕਾ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰੇ ਤਾਂ ਕਿ ਓਹ ਆਪਣੇ ਬੱਚਿਆ ਤੇ ਪਰਿਵਾਰ ਨੂੰ ਸਹੀ ਢੰਗ ਨਾਲ ਚਲਾ ਸਕਣ ਨਹੀ ਤਾਂ 2027 ਚ ਲੋਕ ਤਿਆਰ ਹਨ , ਸਬਕ ਸਿਖਾਉਣ ਲਈ। ਅਸੀ ਨਗਰ ਕੌਂਸਲ ਦੇ ਸਫਾਈ ਸੇਵਕਾਂ ਨਾਲ ਦਿਨ ਰਾਤ ਖੜੇ ਹਾਂ ਅਤੇ ਸਰਕਾਰ ਤਿਆਰ ਹੋ ਜਾਵੇ ਤਿੱਖਾ ਸੰਘਰਸ਼ ਦੇਖਣ ਲਈ।

ਇਸ ਸਮੇ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਨੇ ਸਰਕਾਰ ਨੂੰ ਰੱਜ ਕੇ ਲਾਹਨਤ ਪਾਈ ਕਿ ਓਹ ਗਰੀਬ ਵਰਗ ਤੇ ਜੁਲਮ ਕਰਨਾ ਛੱਡ ਦੇਵੇ , ਓਨਾਂ ਦਿੱਲੀ ਸਟੂਡੈਂਟਸ ਤੇ, ਪੰਜਾਬ ਚ ਨਰੇਗਾ ਮੁਲਾਜ਼ਮਾਂ ਮਜਦੂਰਾਂ ਅਤੇ ਨਗਰ ਕੌਂਸਲ ਦੇ ਸਫਾਈ ਸੇਵਕਾਂ ਤੇ ਲਾਠੀਚਾਰਜ ਦੀ ਸਖ਼ਤ ਸਬਦਾਂ ਵਿੱਚ ਨਿੰਦਾ ਕੀਤੀ। ਓਹਨਾਂ ਕਿਹਾ ਹੱਕ ਮੰਗਣਾ ਸਾਡਾ ਸੰਵਿਧਾਨਕ ਅਧਿਕਾਰ ਹੈ। ਸਰਕਾਰ ਲੋਕਾਂ ਨੂੰ ਨੌਕਰੀਆਂ ਦੇਵੇ ਨਾ ਕਿ ਓਨਾਂ ਨੂੰ ਹੱਕ ਮੰਗਣ ਤੇ ਲਾਠੀਆਂ ਨਾਲ ਜਾਨਵਰਾਂ ਵਾਂਗ ਕੁੱਟਿਆ ਜਾਵੇ। ਓਹਨਾਂ ਕਿਹਾ ਸਾਡਾ ਭਾਈਚਾਰਾ ਸਾਡੀਆਂ ਵੋਟਾਂ ਨਾਲ ਜਿੱਤ ਕੇ ਲੋਕ ਸਭਾ , ਵਿਧਾਨ ਸਭਾ ਵਿਚ ਬੈਠਾ ਹੈ , ਕੋਈ ਵੀ ਆਪਣੇ ਭਾਈਚਾਰੇ ਤੇ ਹੋ ਰਹੇ ਤਸੱਦਦ ਖਿਲਾਫ ਕੋਈ ਬਿਆਨ ਨਹੀ ਦੇ ਰਿਹਾ, ਇਹ ਬਹੁਤ ਹੀ ਸ਼ਰਮਨਾਕ ਗੱਲ ਹੈ । ਅਸੀ ਪੰਜਾਬ ਬੰਦ ਵਿੱਚ ਆਪਣੇ ਭੈਣਾਂ ਭਰਾਵਾਂ ਨਾਲ ਇੱਕ ਮੁੱਠ ਹੋ ਕੇ ਖੜੇ ਹਾਂ।

ਇਸ ਸਮੇ ਨਰੇਗਾ ਦੇ ਮੇਟ ਨੱਥਾ ਸਿੰਘ ਅਰਾਈਆ ਵਾਲਾ, ਮੇਟ ਵੀਰਪਾਲ ਕੌਰ ਕਿਲਾਂ ਨੌਂ, ਮੇਟ ਕੁਲਦੀਪ ਕੌਰ ਕੋਟਸੁਖੀਆ, ਮੇਟ ਵੀਰਪਾਲ ਕੌਰ ਬਿਸਨੰਦੀ, ਗੁਰਸੇਵਕ ਸਿੰਘ ਚੱਕ ਕਲਿਆਣ, ਗੁਰਜੰਟ ਸਿੰਘ ਕਿਲਾਂ ਨੌਂ, ਰਿੰਕੂ ਕੰਮੇਆਣਾ ਆਦਿ ਹਾਜ਼ਰ ਹੋਏ।

## ਗ਼ਜ਼ਲ

ਯਾਦਾਂ ਮੂੰਹੋਂ ਬੋਲ ਕੇ ਕੁਝ ਵੀ ਕਹਿੰਦੀਆਂ ਨਹੀਂ।
ਸੁੱਤਿਆਂ ਵੀ ਇਹ ਜਾਗਣ,ਮਗਰੋਂ ਲਹਿੰਦੀਆਂ ਨਹੀਂ।

ਪੈੜਾਂ ਤੇ ਪਗ-ਡੰਡੀਆਂ ਰੂਹ ਵਿੱਚ ਧਸ ਗਈਆਂ,
ਇੱਕ ਪਲ ਮੈਥੋਂ ਤੋੜ- ਵਿਛੋੜਾ ਸਹਿੰਦੀਆਂ ਨਹੀਂ।

ਧੁੱਪਾਂ ਨਾਲ ਬਰਾਬਰ ਛਾਵਾਂ ਸਿਰ ਮੇਰੇ,
ਕਬਜ਼ੇ ਖਾਤਰ ਕਦੇ ਵੇਖੀਆਂ ਖਹਿੰਦੀਆਂ ਨਹੀਂ।

ਉੱਚੀ ਥਾਂ ਤੇ ਬਹਿ ਕੇ ਹੁਕਮ ਚਲਾਉਂਦੀਆਂ ਨੇ,
ਨੀਵੀਂ ਥਾਂ ਤੇ ਕਦੇ ਕੁਰਸੀਆਂ ਡਹਿੰਦੀਆਂ ਨਹੀਂ।

ਸੂਰਜ ਵੱਲ ਪਰਵਾਜ਼ ਬਾਜ਼ ਹੀ ਭਰਦੇ ਨੇ,
ਚੜ੍ਹਦੇ ਪਾਣੀ ਦੇ ਵੱਲ ਨਦੀਆਂ ਵਹਿੰਦੀਆਂ ਨਹੀਂ।

ਤੂੰ ਜਿੰਨ੍ਹਾਂ ਤੇ ਹੁਕਮ ਚਲਾਉਂਦੈਂ, ਮਰ ਗਈਆਂ,
ਨਿਰਜਿੰਦ ਚਿੜੀਆਂ, ਮਿੱਟੀ,ਕਦੇ ਤ੍ਰਹਿੰਦੀਆਂ ਨਹੀਂ।

ਜਿੱਤਾਂ, ਹਾਰਾਂ ਤੋਂ ਹਰ ਵਾਰੀ ਸਿੱਖਿਆ ਕਰ,
ਇਹ ਰੁੱਤਾਂ ਨੇ, ਨਾਲ ਹਮੇਸ਼ਾਂ ਰਹਿੰਦੀਆਂ ਨਹੀਂ'।

ਵਰਲਡ ਪੰਜਾਬੀ ਟਾਈਮਜ਼ — ਗੁਰਭਜਨ ਗਿੱਲ